ਪਿਆਰੇ ਮਾਤਾ/ਪਿਤਾ ਜੀ,

**ਬੱਚਿਆਂ ਦੀ ਮਾਂ ਬੋਲੀ (ਪਹਿਲੀ ਭਾਸ਼ਾ) ਸਬੰਧਤ ਜਾਣਕਾਰੀ ਇਕੱਠੀ ਅਤੇ ਰਿਕਾਰਡ ਕਰਨੀ**

ਇਸ ਚਿੱਠੀ ਦੇ ਨਾਲ ਇੱਕ ਫਾਰਮ ਭੇਜਿਆ ਜਾ ਰਿਹਾ ਹੈ ਜਿਸ ਵਿੱਚ ਬੱਚੇ ਦੀ ਮਾਂ ਬੋਲੀ (ਪਹਿਲੀ ਭਾਸ਼ਾ) ਬਾਰੇ ਪੁੱਛਿਆ ਗਿਆ ਹੈ। ਇਹ ਉਹ ਭਾਸ਼ਾ ਹੈ ਜਿਹੜੀ ਬੱਚੇ ਨੇ ਸ਼ੁਰੂ ਦੇ ਵਰ੍ਹਿਆਂ ਵਿੱਚ ਸੁਣੀ ਅਤੇ ਸਿੱਖੀ ਸੀ ਅਤੇ ਜਿਸ ਦੀ ਵਰਤੋਂ ਉਸਨੇ ਤੁਹਾਡੇ ਘਰ ਅਤੇ ਬਿਰਾਦਰੀ ਵਿੱਚ ਜਾਰੀ ਰਖੀ ਹੈ।

ਜੇ ਤੁਹਾਡੇ ਬੱਚੇ ਦੀ ਪਹਿਲੀ ਭਾਸ਼ਾ ਅੰਗਰੇਜ਼ੀ ਨਹੀਂ ਹੈ ਤਾਂ ਕਿਰਪਾ ਕਰਕੇ ਇਹ ਭਾਸ਼ਾ ਦਰਜ ਕਰੋ। ਸਵਾਲ ਇਹ ਨਹੀਂ ਹੈ ਕਿ ਤੁਹਾਡਾ ਬੱਚਾ ਕਿੰਨੀ ਚੰਗੀ ਅੰਗਰੇਜ਼ੀ ਬੋਲਦਾ ਹੈ।

ਜੇ ਤੁਹਾਡੇ ਬੱਚੇ ਦੀ ਉਮਰ 11 ਸਾਲ ਜਾਂ ਉਸ ਤੋਂ ਘੱਟ ਹੈ ਤਾਂ ਉਸ ਵਲੋਂ ਇਹ ਫਾਰਮ ਤੁਸੀਂ ਭਰਨਾ ਹੈ। ਜੇ ਉਸਦੀ ਉਮਰ 11 ਅਤੇ 15 ਦੇ ਵਿੱਚਕਾਰ ਹੈ ਤਾਂ ਫਾਰਮ ਨੂੰ ਭਰਨ ਵਿੱਚ ਤੁਸੀਂ ਉਸਦੀ ਮਦਦ ਕਰੋ। ਜੇ ਉਸਦੀ ਉਮਰ 16 ਸਾਲ ਜਾਂ ਉਸ ਤੋਂ ਵੱਧ ਹੈ ਤਾਂ ਇਹ ਫਾਰਮ ਬੱਚੇ ਨੂੰ ਆਪਣੇ ਆਪ ਭਰਨਾ ਚਾਹੀਦਾ ਹੈ।

ਕਿਰਪਾ ਕਰਕੇ ਫਾਰਮ ਮੈਨੂੰ ਇਸ ਚਿੱਠੀ ਦੇ ਨਾਲ ਭੇਜੇ ਗਏ ਲਿਫਾਫੇ ਵਿੱਚ ਭੇਜੋ ਜਾਂ ਇਸ ਨੂੰ ਸਕੂਲ ਵਿੱਚ ਭਿਜਵਾ ਦਿਉ ਜਾਂ ਲੈ ਆਉ (ਜਾਂ, ਜੇ ਉਹ ਈ-ਮੇਲ ਰਾਹੀਂ ਭੇਜਿਆ ਗਿਆ ਹੈ ਤਾਂ ਉਸਨੂੰ ਈ-ਮੇਲ ਰਾਹੀਂ ਭੇਜੋ)। ਜੇ ਫਾਰਮ ਨੂੰ ਭਰਨ ਵਿੱਚੇ ਕਿਸੇ ਮਦਦ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਸਾਡੇ ਦਫਤਰ ਨੂੰ ਸੰਪਰਕ ਕਰੋ।

ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ ਗੁਪਤ ਰਖਿਆ ਜਾਵੇਗਾ। ਇਸ ਦੀ ਵਰਤੋਂ ਸਕੂਲ ਦੇ ਕੋਲ ਤੁਹਾਡੇ ਬੱਚੇ ਬਾਬਤ ਉਪਲਬਧ ਜਾਣਕਾਰੀ ਨੂੰ ਬਿਹਤਰ ਬਣਾਉਣ ਲਈ ਅਤੇ ਸਾਨੂੰ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਕੀਤੀ ਜਾਵੇਗੀ ਕਿ ਸਾਰੇ ਬੱਚਿਆਂ ਦੀਆਂ ਅੰਦਰੂਨੀ ਸ਼ਕਤੀਆਂ ਨੂੰ ਪੂਰੀ ਤਰ੍ਹਾਂ ਵੱਧਣ ਦਾ ਮੌਕਾ ਮਿਲੇ।

ਜਾਣਕਾਰੀ ਨੂੰ ਕਦੇ ਇੰਜ ਨਹੀਂ ਛਾਪਿਆ ਜਾਵੇਗਾ ਕਿ ਕਿਸੇ ਖਾਸ ਬੱਚੇ ਦੀ ਪੱਛਾਣ ਕੀਤੀ ਜਾ ਸਕੇ ਅਤੇ ਨਾ ਹੀ ਜਾਣਕਾਰੀ ਨੂੰ ਕਿਸੇ ਹੋਰ ਮਤਲਬ ਲਈ ਵਰਤਿਆ ਜਾਵੇਗਾ। ਵੇਲੇ ਵੇਲੇ ਤੇ ਇਹ ਜਾਣਕਾਰੀ ਲੋਕਲ ਅੱਥਾਰਿਟੀ ਅਤੇ DfES ਨੂੰ ਲੋਕਲ ਅਤੇ ਕੌਮੀ ਅੰਕੜਿਆਂ ਦੇ ਹਿੱਸੇ ਦੇ ਤੌਰ ਤੇ ਭੇਜੀ ਜਾਵੇਗੀ।

ਜੇ ਤੁਹਾਡਾ ਬੱਚਾ ਸਕੂਲ ਬਦਲਦਾ ਹੈ ਤਾਂ ਤੁਹਾਡੇ ਬੱਚੇ ਦੀ ਮਾਂ ਬੋਲੀ (ਪਹਿਲੀ ਭਾਸ਼ਾ) ਬਾਰੇ ਇਹ ਜਾਣਕਾਰੀ ਉਸ ਸਕੂਲ ਵਿੱਚ ਭੇਜ ਦਿੱਤੀ ਜਾਵੇਗੀ ਤਾਂਕਿ ਇਸ ਨੂੰ ਤੁਹਾਡੇ ਕੋਲੋਂ ਦੁਬਾਰਾ ਮੰਗਣ ਦੀ ਲੋੜ ਨਾ ਪਵੇ।

ਆਪਣੇ ਬੱਚੇ ਦੀ ਮੁੱਖ ਭਾਸ਼ਾ ਬਾਰੇ ਜਾਣਕਾਰੀ ਦੀ ਜਾਂਚ ਕਰਨ ਲਈ ਤੁਸੀਂ ਉਸਨੂੰ ਕਿਸੇ ਵੇਲੇ ਵੀ ਮੰਗ ਸਕਦੇ ਹੋ ਅਤੇ, ਜੇ ਤੁਸੀਂ ਚਾਹੋ, ਉਸਨੂੰ ਤਬਦੀਲ ਕਰ ਸਕਦੇ ਹੋ ਜਾਂ ਹਟਾ ਸਕਦੇ ਹੋ।

ਤੁਹਾਡੀ ਸਹਾਇਤਾ ਲਈ ਅਸੀਂ ਬਹੁਤ ਧੰਨਵਾਦੀ ਹਾਂ।

ਤੁਹਾਡਾ/ਤੁਹਾਡੀ ਸ਼ੁਭਚਿੰਤਕ,